**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 03.01.2011 ਹੋਈ 43ਵੀਂ ਮੀਟਿੰਗ ਦੀ ਕਾਰਵਾਈ**

ਮਿਤੀ 03.01.2011 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 43ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ:-

| **ਲੜੀ ਨੰ** | **ਅਧਿਕਾਰੀ ਦਾ ਨਾਮ ਅਤੇ ਅਹੁਦਾ** | **ਅਹੁਦਾ** |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ | ਵਿਸ਼ੇਸ਼ ਮਹਿਮਾਨ |
| 2. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ | ਮੈਂਬਰ |
| 3. | ਸ਼੍ਰੀ ਐਸ.ਐਸ. ਰਾਜਪੂਤ, ਆਈ.ਏ.ਐਸ.<br>ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ | ਮੈਂਬਰ |
| 4. | ਸ਼੍ਰੀ ਵੀ.ਕੇ. ਸਿੰਘ, ਆਈ.ਏ.ਐਸ.<br>ਸਕੱਤਰ (ਖਰਚਾ), ਪੰਜਾਬ<br>(ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਦਾ ਨੁਮਾਇੰਦਾ) | ਮੈਂਬਰ |
| 5. | ਸ਼੍ਰੀ ਸਰਵਜੀਤ ਸਿੰਘ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

**ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-**

**ਅਜੰਡਾ ਆਈਟਮ ਨੰ: 43.01**

**ਵਿਸ਼ਾ:** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 42ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 43.02**

**ਵਿਸ਼ਾ:** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ 1.9.2010 ਨੂੰ ਹੋਈ 42ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ**

ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 43.03**

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ.) ਰੈਗੂਲੇਸ਼ਨ 1997 ਵਿੱਚ ਸੋਧ ਕਰਨ ਸਬੰਧੀ।**

ਅਥਾਰਿਟੀ ਵਲੋਂ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਟੀ.ਏ.) ਰੈਗੂਲੇਸ਼ਨ 1997 ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 43.04**

**ਵਿਸ਼ਾ:** **ਪੁੱਡਾ ਦੇ ਵਰਕਚਾਰਜ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਇਟਮ: 43.05**

**ਵਿਸ਼ਾ:** **ਰੈਗੂਲਰ ਵਰਕਚਾਰਜ ਸਟਾਫ ਵਿਚੋਂ ਕਲਰਕ ਦੀਆਂ ਆਸਾਮੀਆਂ ਪੱਦ ਉਨਤੀ ਰਾਹੀਂ ਭਰਨ ਲਈ ਕੋਟਾ ਫਿਕਸ ਕਰਨ ਅਤੇ ਪੁਡਾ ਕਰਮਚਾਰੀ ਸਰਵਿਸ ਰੈਗੂਲੇਸ਼ਨਜ, 1999 ਵਿੱਚ ਸੋਧ ਕਰਨ ਸਬੰਧੀ।**

ਅਥਾਰਿਟੀ ਵਲੋਂ ਰੈਗੂਲਰ ਵਰਕਚਾਰਜ ਸਟਾਫ ਵਿਚੋਂ ਕਲਰਕ ਦੀਆਂ ਆਸਾਮੀਆਂ ਪੱਦ ਉਨਤੀ ਰਾਹੀਂ ਭਰਨ ਲਈ ਕੋਟਾ ਫਿਕਸ ਕਰਨ ਅਤੇ ਪੁਡਾ ਕਰਮਚਾਰੀ ਸਰਵਿਸ ਰੈਗੂਲੇਸ਼ਨਜ, 1999 ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰਬਰ: 43.06**

**ਵਿਸ਼ਾ:** **ਪੁੱਡਾ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 ਰਾਹੀਂ ਰਚਿਤ ਅਸਾਮੀਆਂ ਦੇ ਤਨਖਾਹ ਸਕੇਲ ਵਿਚ ਸੋਧ ਕਰਨਾ, ਨਵੀਆਂ ਰਚੀਆਂ ਅਸਾਮੀਆਂ ਦੀ ਵਿਦਿਅਕ ਯੋਗਤਾ ਤੇ ਤਜਰਬਾ ਨਿਸ਼ਚਿਤ ਕਰਨਾ ਅਤੇ ਪੱਦ-ਉਨਤੀ ਦੀਆਂ ਅਸਾਮੀਆਂ ਕਿਸ ਸਾਧਨ ਤੋਂ ਭਰੀਆਂ ਜਾਣੀਆਂ ਹਨ ਦਾ ਸਾਧਨ ਨਿਸ਼ਚਿਤ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਜੋ ਅਸਾਮੀਆਂ ਦਾ ਠੇਕੇ ਤੇ ਭਰਨੀਆਂ ਹਨ ਜਿਵੇਂ ਕਿ ਸਿਸਟਮ ਐਨਾਲਿਸਟ, ਸਹਾਇਕ ਸਿਸਟਮ ਐਨਾਲਿਸਟ, ਸਹਾਇਕ ਜਨਰਲ ਮੈਨੇਜਰ (ਐਚ.ਆਰ.) ਅਤੇ ਸਹਾਇਕ ਜਨਰਲ ਮੈਨਜਰ (ਪ੍ਰੋਜੈਕਟਸ)। ਉਨ੍ਹਾਂ ਅਸਾਮੀਆਂ ਦਾ ਠੇਕਾ ਲੰਬੇ ਸਮੇਂ ਲਈ ਕੀਤਾ ਜਾਵੇ (ਜੋਕਿ ਘੱਟੋ ਘੱਟ 5 ਸਾਲ ਦਾ ਹੋਵੇ) ਅਤੇ ਉਨ੍ਹਾਂ ਦੀ ਯਕਮੁਸ਼ਤ ਤਨਖਾਹ ਮਾਰਕੀਟ ਰੇਟਾਂ ਅਨੁਸਾਰ ਹੋਵੇ (ਜਿਸ ਉੱਤੇ ਹਰ ਸਾਲ ਘੱਟੋ ਘੱਟ 10% ਦਾ ਵਾਧਾ ਹੋਵੇ) ਤਾਂ ਕਿ ਅਥਾਰਿਟੀ ਵਿੱਚ ਚੰਗਾ ਅਤੇ ਤਜੁਰਬੇਕਾਰ ਅਮਲਾ ਭਰਤੀ ਕੀਤਾ ਜਾ ਸਕੇ।

**ਅਜਡਾ ਆਇਟਮ 43.07**

**ਵਿਸ਼ਾ :** **ਪੰਜਾਬ ਸਰਕਾਰ ਵਲੋਂ ਪੰਜਾਬ ਰੀਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਦੇ ਉਪਬੰਧ ਅਨੁਸਾਰ ਪੰਜਾਬ ਰਾਜ ਵਿਖੇ ਨਵੀਆਂ ਬਣਾਈਆਂ ਅਥਾਰਿਟੀਆਂ ਵਿਚ ਨਗਰ ਯੋਜਨਾਕਾਰ ਲਈ ਰੈਗੂਲੇਟਰੀ ਵਿੰਗ ਖੋਲਣ ਸਬੰਧੀ ਲੋੜੀਂਦਾ ਸਟਾਫ ਮੁਹੱਈਆ ਕਰਵਾਉਣ ਹਿੱਤ ਪੁੱਡਾ ਕਰਮਚਾਰੀ (ਸਰਵਿਸ) ਰੈਗੂਲੇਸ਼ਨ-1999 ਵਿਚ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 43.08**

**ਵਿਸ਼ਾ:** **ਪੁੱਡਾ ਵਿੱਚ ਤਰਸ ਦੇ ਆਧਾਰ ਤੇ ਰੱਖੇ ਗਏ ਕਰਮਚਾਰੀਆਂ ਨੂੰ ਪਲਾਟਾਂ ਦੀ ਅਲਾਟਮੈਂਟ ਕਰਨ ਸਬੰਧੀ ਉਲੀਕੀ ਗਈ ਡਰਾਫਟ ਸਕੀਮ ਵਿੱਚ ਪੰਜ ਸਾਲਾਂ ਦੀ ਰੈਗੂਲਰ ਸੇਵਾ ਤੋਂ ਛੋਟ ਦੇਣ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 43.09**

**ਵਿਸ਼ਾ:** **ਅਥਾਰਟੀ ਕਰਮਚਾਰੀ ਸਰਵਿਸ ਰੈਗੂਲੇਸ਼ਨਜ 1999, ਵਿਚ ਸੋਧ ਕਰਨ ਬਾਰੇ- ਡਰਾਫਟਸਮੈਂਨ ਕਾਡਰ।**

ਅਥਾਰਿਟੀ ਵਲੋਂ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ ਸਰਵਿਸ ਰੈਗੂਲੇਸ਼ਨ 1999 (ਡਰਾਫਟਸਮੈਂਨ ਕਾਡਰ) ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 43.10**

**ਵਿਸ਼ਾ :** **ਅਥਾਰਟੀਆਂ ਵਿੱਚ ਸ਼ਹਿਰੀ ਯੋਜਨਾਕਾਰ ਦੇ ਮਾਹਿਰਾਂ (Experts) ਦੀ ਠੇਕੇ ਤੇ ਭਰਤੀ ਅਤੇ ਬਾਗਬਾਨੀ ਵਿੰਗ ਸਬੰਧੀ ਅਥਾਰਿਟੀ ਕਰਮਚਾਰੀ ਸਰਵਿਸ ਰੈਗੂਲੇਸ਼ਨਜ 1999, ਵਿਚ ਸੋਧ ਕਰਨ ਬਾਰੇ।**

ਅਥਾਰਿਟੀ ਵਲੋਂ ਅਥਾਰਿਟੀਆਂ ਵਿੱਚ ਸ਼ਹਿਰੀ ਯੋਜਨਾਕਾਰ ਦੇ ਮਾਹਿਰਾਂ (Experts) ਦੀ ਠੇਕੇ ਤੇ ਭਰਤੀ ਅਤੇ ਬਾਗਬਾਨੀ ਵਿੰਗ ਸਬੰਧੀ ਅਥਾਰਿਟੀ ਕਰਮਚਾਰੀ ਸਰਵਿਸ ਰੈਗੂਲੇਸ਼ਨਜ 1999, ਵਿਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਜੋ ਅਸਾਮੀਆਂ ਦਾ ਠੇਕੇ ਤ ਭਰਨੀਆਂ ਹਨ ਜਿਵੇਂ ਕਿ ਸਿਟੀਸਕੇਪਿਸਟ, ਟ੍ਰੈਫਿਕ ਮਾਹਿਰ ਅਤੇ ਲੈਂਡਸਕੇਪ ਆਰਕੀਟੈਕਟ। ਉਨ੍ਹਾਂ ਅਸਾਮੀਆਂ ਦਾ ਠੇਕਾ ਲੰਬੇ ਸਮੇਂ ਲਈ ਕੀਤਾ ਜਾਵੇ (ਜੋਕਿ ਘੱਟੋ ਘੱਟ 5 ਸਾਲ ਦਾ ਹੋਵੇ) ਅਤੇ ਉਨ੍ਹਾਂ ਦੀ ਯਕਮੁਸ਼ਤ ਤਨਖਾਹ ਮਾਰਕੀਟ ਰੇਟਾਂ ਅਨੁਸਾਰ ਹੋਵੇ (ਜਿਸ ਉੱਤੇ ਹਰ ਸਾਲ ਘੱਟੋ ਘੱਟ 10% ਦਾ ਵਾਧਾ ਹੋਵੇ) ਤਾਂ ਕਿ ਅਥਾਰਿਟੀ ਵਿੱਚ ਚੰਗਾ ਅਤੇ ਤਜੁਰਬੇਕਾਰ ਅਮਲਾ ਭਰਤੀ ਕੀਤਾ ਜਾ ਸਕੇ।

ਉਪਰੋਕਤ ਸੁਝਾਅ ਦੇ ਨਾਲ ਮੱਦ ਪ੍ਰਵਾਨ ਕੀਤੀ ਗਈ।

***ਸਪਲੀਮੈਂਟਰੀ ਅਜੰਡਾ ਨੰ: 1***

**ਅਜੰਡਾ ਆਈਟਮ ਨੰ: 43.11**

**ਵਿਸ਼ਾ :** **ਸਾਲ 2009-10 ਦੇ ਸਾਲਾਨਾ ਲੇਖੇ-ਜੋਖੇ ਦੀ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ।***

**ਪਰਕਾਸ਼ ਸਿੰਘ ਬਾਦਲ**
**ਮੁੱਖ ਮੰਤਰੀ, ਪੰਜਾਬ-ਕਮ-**
**ਚੇਅਰਮੈਨ, ਪੁੱਡਾ।**